ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-4 ਸ਼ਾਖਾ)

**ਅਧਿਸੂਚਨਾ**

ਮਿਤੀ: 30 /4/2013

ਨੰ:5/5/13-4ਸਿ4/ 782

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ " ਦੀ ਪੰਜਾਬ ਸਟੇਟ ਕੈਂਸਰ ਐਂਡ ਡਰੱਗ ਅਡਿਕਸ਼ਨ ਟਰੀਟਮੈਂਟ ਇਨਫਰਾਸਟਰੱਕਚਰ ਫੰਡ ਐਕਟ 2013 ਦੀ ਧਾਰਾ - 6 ਏ ਤੋਂ 6 ਈ ਅਧੀਨ ਹੇਠ ਲਿਖੇ ਸੋਮਿਆਂ ਤੋਂ ਹੇਠ ਅਨੁਸਾਰ ਫੰਡ ਪ੍ਰਾਪਤ ਕਰਨ ਦੀ ਮੰਜੂਰੀ ਦਿੰਦੇ ਹਨ:-

<u>6 ਏ</u>

ਸਰਕਾਰੀ, ਅਰਧ ਸਰਕਾਰੀ ਸੰਸਥਾਵਾਂ, ਸ਼ਹਿਰੀ ਸਥਾਨਕ ਸੰਸਥਾਵਾਂ, ਅਰਧ ਸਰਕਾਰੀ ਏਜੰਸੀਆਂ, ਇੰਪਰੂਵਮੈਂਟ ਟਰੱਸਟਜ਼ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਕਬਜੇ ਵਿੱਚ ਅਚਲ ਸੰਪਤੀ ਜਾਂ ਖਾਲੀ ਸਰਕਾਰੀ ਜ਼ਮੀਨ ਦੀ ਵਰਤੋਂ ਹਿੱਤ ਨਿਲਾਮੀ ਰਾਹੀਂ ਪ੍ਰਾਪਤ ਹੋਣ ਵਾਲੀ ਰਾਸ਼ੀ ਦਾ 2% ਹਿੱਸਾ ਸਬੰਧਤ ਵਿਭਾਗ ਵੱਲੋਂ, ਵਿੱਤ ਵਿਭਾਗ ਵੱਲੋਂ ਨਿਰਧਾਰਤ ਡੈਡੀਕੇਟਡ ਅਕਾਊਂਟ ਵਿੱਚ ਜਮਾਂ ਕਰਵਾਇਆ ਜਾਵੇਗਾ। ਇਹ ਪੈਸਾ ਆਕਸ਼ਨ ਉਪਰੰਤ ਇੱਕੋਦਮ ਜਿਉਂ ਹੀ ਆਕਸ਼ਨ/ਸੇਲ ਫਾਈਨਲ ਹੋਵੇਗੀ ਤਾਂ ਸਬੰਧਤ ਵਿਭਾਗ/ਅਥਾਰਟੀ ਇਹ ਰਕਮ ਤੁਰੰਤ ਇਸ ਫੰਡ ਅਕਾਊਂਟ ਵਿੱਚ ਜਮਾਂ ਕਰਵਾਏਗੀ।

<u>6 ਬੀ</u>

ਸੋਸਾਇਟੀਆਂ ਅਤੇ ਟਰੱਸਟਜ਼ ਜੋ ਰਾਜ ਸਰਕਾਰ ਦੇ ਵਿਭਾਗਾਂ ਵੱਲੋਂ ਸਥਾਪਿਤ ਕੀਤੇ ਗਏ ਹਨ, ਵੱਲੋਂ ਪ੍ਰਾਪਤ ਹੋਣ ਵਾਲੀ ਆਮਦਨ ਦਾ 2% ਹਿੱਸਾ ਸਾਲ ਵਿੱਚ ਦੋ ਵਾਰ ਛਿਮਾਹੀ ਤੌਰ ਤੇ ਫੰਡ ਅਕਾਊਂਟ ਵਿੱਚ ਜਮਾਂ ਕਰਵਾਇਆ ਜਾਵੇਗਾ।

<u>6 ਸੀ</u>

ਰਾਜ ਦੇ ਪੀ.ਐਸ.ਯੂ/ਬੋਰਡ/ਕਾਰਪੋਰੇਸ਼ਨ, ਅਪੈਕਸ ਕੋਆਪਰੇਟਿਵ ਸੰਸਥਾਵਾਂ, ਸ਼ਹਿਰੀ ਸਥਾਨਕ ਸੰਸਥਾਵਾਂ, ਇੰਪਰੂਵਮੈਂਟ ਟਰੱਸਟ ਅਤੇ ਪੰਚਾਇਤੀ ਰਾਜ ਸੰਸਥਾਵਾਂ ਜੋ ਘਾਟੇ ਵਿੱਚ ਨਾ ਹੋਣ, ਤੋਂ ਪ੍ਰਾਪਤ ਕੀਤੀ ਜਾਣ ਵਾਲੀ ਆਮਦਨ ਦਾ 2% ਹਿੱਸਾ ਬੋਰਡ ਫੰਡ ਵਿੱਚ ਜਮਾਂ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਇਹ ਅਦਾਰੇ ਵਧੇਰਾ ਯੋਗਦਾਨ ਵੀ ਕਰ ਸਕਦੇ ਹਨ।

<u>6 ਡੀ</u>

ਸੜਕਾਂ, ਪੁੱਲ ਅਤੇ ਭਲਾਈ ਉਸਾਰੀਆਂ ਦੇ ਬਨਾਉਣ ਦੀ ਟੈਂਡਰ ਕੀਮਤ (ਘੱਟੋ ਘੱਟ ਕੀਮਤ ਰੁ: 50 ਕਰੋੜ) ਦਾ 1% ਹਿੱਸਾ ਬੋਰਡ ਫੰਡ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

<u>6 ਈ</u>

ਸਿਗਰਟ ਤੇ ਕੁੱਲ ਟੈਕਸ ਦਾ 33% ਹਿੱਸਾ ਬੋਰਡ ਫੰਡ ਵਿੱਚ ਜਮਾਂ ਹੋਵੇਗਾ।

<u>ਨੋਟ</u>

ਵਿੱਤ ਵਿਭਾਗ ਵੱਲੋਂ ਬੋਰਡ ਫੰਡ ਐਕਟ 2013 ਦੀ ਧਾਰਾ-6 ਏ ਤੋਂ 6 ਡੀ ਤੱਕ ਪ੍ਰਾਪਤ ਰਕਮ ਲਈ ਹੈਡ, <u>0210-ਮੈਡੀਕਲ ਅਤੇ ਪਬਲਿਕ ਹੈਲਥ-80- ਜਨਰਲ-800-ਅਦਰਜ਼ ਰਸੀਟਸ -86-ਰਸੀਟਸ ਔਫ ਪੰਜਾਬ ਸਟੇਟ ਕੈਂਸਰ ਐਂਡ ਡਰੱਗ ਐਡਿਕਸ਼ਨ ਟਰੀਟਮੈਂਟ ਇਨਫਰਾਸਟਰਕਚਰ ਫੰਡ</u> ਨਿਰਧਾਰਤ ਕੀਤਾ ਗਿਆ ਹੈ ਅਤੇ 6 ਈ ਅਧੀਨ ਪ੍ਰਾਪਤ ਹੋਣ ਵਾਲੀ ਰਾਸ਼ੀ <u>ਮੁੱਖ ਮੱਦ-0040-ਟੈਕਸਿਜ਼ ਆਨ ਸੇਲਜ਼, ਟਰੇਡ etc. 00-111-ਵੈਲਿਊ ਐਡਿਡ ਟੈਕਸ (ਵੈਟ) ਰਸੀਟਸ-12-ਵੈਟ ਆਨ ਸਿਗਰੇਟ above 20.5%</u> ਸਮੇਤ ਸਰਚਾਰਜ , ਅਧੀਨ ਜਮਾਂ ਹੋਵੇਗੀ।

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਮਿਤੀ,ਚੰਡੀਗੜ੍ਹ
29/4/2013

ਮਿਤੀ: 30 /4/2013

ਪਿ:ਅੰ:ਨੰ: 5/5/13-4ਸਿ4/

ਉਪਰੋਕਤ ਦਾ ਉਤਾਰਾ ਕੰਟਰੋਲਰ, ਲਿਖਣ ਸਮੱਗਰੀ ਅਤੇ ਛਪਾਈ, ਪੰਜਾਬ ਨੂੰ ਸਮੇਤ ਇਕ ਫਲਾਪੀ/ਸੀ.ਡੀ. ਕਾਪੀ ਦੇ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਅਸਾਧਾਰਣ ਗਜਟ ਵਿੱਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਉਪ ਸਕੱਤਰ ਸਿਹਤ

ਮਿਤੀ: 30 /4/2013

ਨੰ: 5/5/13-4ਸਿ4/ 784

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ /ਮੁੱਖ ਮੰਤਰੀ , ਪੰਜਾਬ
2. ਨਿੱਜੀ ਸਕੱਤਰ /ਸਿਹਤ ਮੰਤਰੀ , ਪੰਜਾਬ